OFFICE OF ARTS & CULTURE
CITY OF SEATTLE

# 'ਆਰਟਿਸਟਸ ਐਟ ਦ ਸੈਂਟਰ' 2024-2025 ਦੇ ਦਿਸ਼ਾ-ਨਿਰਦੇਸ਼

## ਗ੍ਰਾਂਟ ਬਾਰੇ ਸੰਖੇਪ ਜਾਣਕਾਰੀ

'ਆਰਟਿਸਟਸ ਐਟ ਦ ਸੈਂਟਰ' Seattle Office of Arts & Culture (ARTS) ਅਤੇ Seattle Center ਵਿਚਕਾਰ Uptown Arts & Culture Coalition ਅਤੇ ਕੈਂਪਸ ਦੇ ਆਲੇ-ਦੁਆਲੇ ਦੇ ਭਾਈਚਾਰਿਆਂ ਦੀ ਸਹਾਇਤਾ ਵਾਲਾ ਇੱਕ ਬਹੁ-ਸਾਲਾ ਸਹਿਯੋਗ ਹੈ। ਇਹ ਪ੍ਰੋਜੈਕਟ 2021 ਵਿੱਚ ਸ਼ੁਰੂ ਹੋਣ ਵਾਲੀ, Climate Pledge Arena ਅਤੇ Seattle Kraken ਤੋਂ 10-ਸਾਲ ਦੀ ਕਮਿਊਨਿਟੀ ਲਾਭ ਗ੍ਰਾਂਟ ਦੁਆਰਾ ਸੰਭਵ ਹੋਇਆ ਹੈ।

'ਆਰਟਿਸਟਸ ਐਟ ਦ ਸੈਂਟਰ' ਵੱਖ-ਵੱਖ ਕਲਾਕਾਰਾਂ, ਗਰੁੱਪਾਂ ਅਤੇ ਸੰਸਥਾਵਾਂ ਨੂੰ Seattle Center ਵਿਖੇ ਸਾਲ ਭਰ ਵਿੱਚ ਪੌਪ-ਅੱਪ ਕਲਾ-ਪ੍ਰਦਰਸ਼ਨਾਂ ਨੂੰ ਵਿਕਸਤ ਕਰਨ ਅਤੇ ਪੇਸ਼ ਕਰਨ ਲਈ ਮਾਲੀ ਸਹਾਇਤਾ ਦਿੰਦਾ ਹੈ। ਕਲਾਤਮਕ ਸ਼ੈਲੀਆਂ ਵਿੱਚ ਸੰਗੀਤ, ਡਾਂਸ, ਥੀਏਟਰ, ਕਲਾ-ਪ੍ਰਦਰਸ਼ਨ, ਅਤੇ ਬਹੁ-ਕਿਸਮੀ ਕਲਾ-ਪ੍ਰਦਰਸ਼ਨ ਸ਼ਾਮਲ ਹੋ ਸਕਦੇ ਹਨ। ਕਲਾ-ਪ੍ਰਦਰਸ਼ਨ ਅਕਤੂਬਰ 2024 ਅਤੇ ਸਤੰਬਰ 2025 ਦੇ ਵਿਚਕਾਰ ਹੋਣ ਲਈ ਰੱਖੇ ਜਾਣਗੇ। ਚੁਣੇ ਗਏ ਭਾਗੀਦਾਰਾਂ ਨੂੰ ਕਲਾਕਾਰ/ਗਰੁੱਪ ਦੇ ਆਕਾਰ ਅਤੇ ਗੁੰਝਲਦਾਰਤਾ ਦੇ ਆਧਾਰ 'ਤੇ ਮਾਲੀ ਸਹਾਇਤਾ ਵਿੱਚ $2,000, $4,000, ਜਾਂ $6,000 ਦਿੱਤੇ ਜਾਣਗੇ। ਮੌਜੂਦਾ ਸਾਲ (2023-2024) ਦੇ ਇਨਾਮ ਜੇਤੂ ਸਾਲ 2024-2025 ਲਈ ਅਰਜ਼ੀ ਦੇਣ ਦੇ ਯੋਗ ਨਹੀਂ ਹਨ।

**ਅਰਜ਼ੀ ਬਾਰੇ ਜਾਣਕਾਰੀ ਅਤੇ ਸਹਾਇਤਾ ਲਈ**, ਕਿਰਪਾ ਕਰਕੇ ਇੰਨ੍ਹਾਂ ਅਕਸਰ ਪੁੱਛੇ ਜਾਂਦੇ ਸਵਾਲਾਂ ਨੂੰ ਵੇਖੋ, ਜਾਂ 'ਆਰਟਿਸਟਸ ਐਟ ਦ ਸੈਂਟਰ' ਦੇ ਪ੍ਰੋਜੈਕਟ ਮੈਨੇਜਰ ਐਲੇਕਸ ਰੋਜ਼ ਨਾਲ **(206) 459-6517** 'ਤੇ ਜਾਂ Alex.Rose@seattle.gov 'ਤੇ ਸੰਪਰਕ ਕਰੋ।

**ਸਾਡੇ ਕੋਲ ਦੁਭਾਸ਼ੀਏ ਹਨ ਜੋ ਤੁਹਾਡੀ ਭਾਸ਼ਾ ਵਿੱਚ ਤੁਹਾਡੇ ਨਾਲ ਗੱਲ ਕਰ ਸਕਦੇ ਹਨ, ਜਿਸ ਵਿੱਚ (ਵੀਡੀਓ ਰਾਹੀਂ) ਅਮਰੀਕੀ ਇਸ਼ਾਰਿਆਂ ਵਾਲੀ ਭਾਸ਼ਾ ਨਾਲ ਗੱਲ ਕਰਨਾ ਵੀ ਸ਼ਾਮਲ ਹੈ।** ਬੱਸ ਸਾਨੂੰ ਕਾਲ ਕਰੋ ਅਤੇ ਸਾਨੂੰ ਦੱਸੋ ਕਿ ਤੁਸੀਂ ਕਿਹੜੀ ਭਾਸ਼ਾ ਬੋਲਦੇ ਹੋ। ਜਦੋਂ ਤੱਕ ਅਸੀਂ ਫ਼ੋਨ 'ਤੇ ਨਾਲ ਜੁੜਨ ਲਈ ਇੱਕ ਦੁਭਾਸ਼ੀਏ ਨੂੰ ਲੱਭਦੇ ਹਨ, ਉਦੋਂ ਤੱਕ ਥੋੜ੍ਹੇ ਜਿਹੀ ਉਡੀਕ ਕਰੋ।

## ਅਰਜ਼ੀ

City of Seattle ਦੀ ਗ੍ਰਾਂਟ ਵੈੱਬਸਾਈਟ ਰਾਹੀਂ ਆਪਣੀ ਅਰਜ਼ੀ ਔਨਲਾਈਨ ਜਮ੍ਹਾਂ ਕਰੋ:
https://seattle.fluxx.io/user_sessions/new

ਜੇਕਰ ਤੁਹਾਡੇ ਕੋਲ ਕੰਪਿਊਟਰ ਜਾਂ ਇੰਟਰਨੈੱਟ ਤੱਕ ਪਹੁੰਚ ਨਹੀਂ ਹੈ, ਜਾਂ ਅਰਜ਼ੀ ਦੇਣ ਵਿੱਚ ਕੋਈ ਹੋਰ ਰੁਕਾਵਟਾਂ ਹਨ, ਤਾਂ **(206) 459-6517** ਜਾਂ Alex.Rose@seattle.gov 'ਤੇ ਐਲੇਕਸ ਰੋਜ਼, ਪ੍ਰੋਜੈਕਟ ਮੈਨੇਜਰ ਨਾਲ ਸੰਪਰਕ ਕਰੋ।

## ਆਖ਼ਰੀ ਤਾਰੀਖ਼

ਮੰਗਲਵਾਰ, 25 ਜੂਨ, 2024, ਸ਼ਾਮ 5 ਵਜੇ ਤੱਕ (ਪੈਸਫ਼ਿਕ)

## ਯੋਗਤਾ

ਜੇਕਰ ਤੁਸੀਂ ਹੇਠਾਂ ਦਿੱਤੇ ਮਾਪਦੰਡਾਂ ਨੂੰ ਪੂਰਾ ਕਰਦੇ ਹੋ ਤਾਂ **ਤੁਸੀਂ ਇਸ ਗ੍ਰਾਂਟ ਲਈ ਅਰਜ਼ੀ ਦੇਣ ਦੇ ਯੋਗ ਹੋ** :

- ਤੁਸੀਂ ਇੱਕ ਇਕੱਲੇ ਕਲਾਕਾਰ, ਸੰਸਥਾ, ਜਾਂ ਕਮਿਊਨਿਟੀ-ਆਧਾਰਿਤ ਗਰੁੱਪ ਹੋ ਸਕਦੇ ਹੋ, ਜੋ Seattle ਵਿੱਚ ਸਥਿਤ ਹੈ, ਜਾਂ ਆਪਣੀ ਕਲਾ ਦੀ ਨਿਯਮਿਤ ਤੌਰ 'ਤੇ ਇੱਥੇ ਹੀ ਪੇਸ਼ਕਾਰੀ ਕਰਦਾ ਹੈ।
- ਤੁਹਾਡੇ ਕੋਲ ਇੱਕ Federal Tax ID ਨੰਬਰ ਹੈ (ਸੋਸ਼ਲ ਸਕਿਉਰਿਟੀ ਨੰਬਰ, ITIN, ਜਾਂ ਕਰਮਚਾਰੀ ਪਛਾਣ ਨੰਬਰ) ਅਤੇ ਤੁਸੀਂ City of Seattle ਵਿੱਚ ਸਥਿਤ ਹੋ, ਜਾਂ ਇੱਥੇ ਹੀ ਮੌਜੂਦਾ ਅਤੇ ਕਿਰਿਆਸ਼ੀਲ ਪ੍ਰੋਗਰਾਮ ਕਰਦੇ ਹੋ।
    - ਅਰਜ਼ੀ ਦੇਣ ਵਾਲੇ ਗਰੁੱਪਾਂ ਨੂੰ 501(c)(3) ਗ਼ੈਰ-ਲਾਭਕਾਰੀ ਹੋਣ ਦੀ ਲੋੜ ਨਹੀਂ ਹੈ, ਨਾ ਹੀ ਉਹਨਾਂ ਨੂੰ ਕਿਸੇ ਵਿੱਤੀ ਸਪਾਂਸਰ ਜਾਂ ਵਿੱਤੀ ਏਜੰਟ ਦੀ ਵਰਤੋਂ ਕਰਨ ਦੀ ਲੋੜ ਹੈ।
- ਤੁਸੀਂ ਇਸ ਪ੍ਰੋਗਰਾਮ ਲਈ ਪ੍ਰਤੀ ਸਾਲ ਸਿਰਫ਼ ਇੱਕ ਅਰਜ਼ੀ ਹੀ ਜਮ੍ਹਾਂ ਕਰ ਸਕਦੇ ਹੋ।
- ਮੌਜੂਦਾ ਸਾਲ (2023-2024) ਦੇ ਇਨਾਮ ਜੇਤੂ ਸਾਲ 2024-2025 ਲਈ ਅਰਜ਼ੀ ਦੇਣ ਦੇ **ਯੋਗ ਨਹੀਂ** ਹਨ।

**ਤੁਹਾਡਾ ਕਲਾ-ਪ੍ਰਦਰਸ਼ਨ ਇਸ ਗ੍ਰਾਂਟ ਦੁਆਰਾ ਮਾਲੀ-ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੈ** ਜੇਕਰ ਇਹ ਹੇਠਾਂ ਦਿੱਤੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ:

- ਤੁਹਾਡਾ ਕਲਾ-ਪ੍ਰਦਰਸ਼ਨ ਮੁਫ਼ਤ ਅਤੇ ਜਨਤਾ ਲਈ ਖੁੱਲ੍ਹਾ ਹੋਵੇਗਾ।
- ਤੁਹਾਡੇ ਕੋਲ ਇਸ ਕਲਾ-ਪ੍ਰਦਰਸ਼ਨ ਲਈ ਸਮਾਗਮ ਬੀਮਾ ਹੋਵੇਗਾ।
- ਇਹ ਕਲਾ-ਪ੍ਰਦਰਸ਼ਨ 90 ਮਿੰਟ ਜਾਂ ਘੱਟ ਦਾ ਹੋਵੇਗਾ।

## ਮਾਲੀ-ਸਹਾਇਤਾ

ਬਿਨੈਕਾਰ ਮਾਲੀ-ਸਹਾਇਤਾ ਦੇ ਹੇਠਲੇ ਪੱਧਰਾਂ ਲਈ ਅਰਜ਼ੀ ਦੇ ਸਕਦੇ ਹਨ:

- $2,000 ਦਾ ਇਨਾਮ (ਆਮ ਤੌਰ 'ਤੇ 1-2 ਕਲਾਕਾਰ), ਨਾਲ ਹੀ Seattle Center ਤੋਂ $680 ਦੀ ਕੇਵਲ ਇੱਕ ਵਾਰ ਮਿਲਣ ਵਾਲੀ ਪ੍ਰੋਡਕਸ਼ਨ ਸਹਾਇਤਾ
- $4,000 ਦਾ ਇਨਾਮ (ਆਮ ਤੌਰ 'ਤੇ 3-5 ਕਲਾਕਾਰ), ਨਾਲ ਹੀ Seattle Center ਤੋਂ $1,235 ਦੀ ਕੇਵਲ ਇੱਕ ਵਾਰ ਮਿਲਣ ਵਾਲੀ ਪ੍ਰੋਡਕਸ਼ਨ ਸਹਾਇਤਾ
- $6,000 ਦਾ ਇਨਾਮ (ਆਮ ਤੌਰ 'ਤੇ 6+ ਕਲਾਕਾਰ), ਨਾਲ ਹੀ Seattle Center ਤੋਂ $1,700 ਦੀ ਕੇਵਲ ਇੱਕ ਵਾਰ ਮਿਲਣ ਵਾਲੀ ਪ੍ਰੋਡਕਸ਼ਨ ਸਹਾਇਤਾ

ਉਪਲਬਧ ਡਕਸ਼ਨ ਸਹਾਇਤਾ ਦੀਆਂ ਕਿਸਮਾਂ ਬਾਰੇ ਵਧੇਰੇ ਜਾਣਕਾਰੀ ਸਾਡੇ ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਵਿੱਚ ਮਿਲ ਸਕਦੀ ਹੈ।

## ਜਾਣਕਾਰੀ ਸੈਸ਼ਨ

ਇਸ ਪ੍ਰੋਗਰਾਮ ਬਾਰੇ ਅਤੇ ਆਪਣੀ ਸਭ ਤੋਂ ਵਧੀਆ ਅਰਜ਼ੀ ਕਿਵੇਂ ਜਮ੍ਹਾਂ ਕਰਨੀ ਹੈ, ਇਸ ਬਾਰੇ ਹੋਰ ਜਾਣੋ।

### ਜਾਣਕਾਰੀ ਸੈਸ਼ਨ 1 (ਹਾਈਬ੍ਰਿਡ)

ਵੀਰਵਾਰ, ਮਈ 16, ਸ਼ਾਮ 4:00-5:20 ਵਜੇ ਤੱਕ (ਪੈਸਫ਼ਿਕ)

ਨਿੱਜੀ ਰੂਪ ਵਿੱਚ: Seattle Center Armory, Loft 4
ਔਨਲਾਈਨ: Webex
RSVP (ਕਿਰਪਾ ਕਰਕੇ ਆਉਣ ਬਾਰੇ ਸੂਚਿਤ ਕਰੋ)

**ਜਾਣਕਾਰੀ ਸੈਸ਼ਨ 2 (ਹਾਈਬ੍ਰਿਡ)**
ਵੀਰਵਾਰ, ਜੂਨ 13, ਸਵੇਰੇ 10:00-11:20 ਵਜੇ ਤੱਕ (ਪੈਸਫ਼ਿਕ)
ਨਿੱਜੀ ਰੂਪ ਵਿੱਚ: Seattle Center Armory, Loft 4
ਔਨਲਾਈਨ: Webex
RSVP (ਕਿਰਪਾ ਕਰਕੇ ਆਉਣ ਬਾਰੇ ਸੂਚਿਤ ਕਰੋ)